202382687
16/6/2023

ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ

ਬਲਾਕ-ਈ, 6ਵੀਂ ਮੰਜ਼ਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ ,8,
ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ). ਫੋਨ ਨੰਬਰ-:0172-2212221

(ਵੈਬਸਾਈਟ/ਨੋਟਿਸ ਬੋਰਡ/ਈ-ਮੇਲ ਰਾਹੀ)

ਵੱਲ

ਜ਼ਿਲ੍ਹਾ ਸਿੱਖਿਆ ਅਫਸਰ (ਸੈਸਿੱ/ਐਸਿੱ)
ਪੰਜਾਬ।

ਸ-6
16/6/23

ਮੀਮੋ ਨੰਬਰ : SCERT-SDP01/87/2023-SDP-SCERT/511999/01

ਮਿਤੀ :ਸਾਹਿਬਜ਼ਾਦਾ ਅਜੀਤ ਸਿੰਘ ਨਗਰ,14-06-2023

ਵਿਸ਼ਾ:- Manodarpan ਅਤੇ ਮਾਨਸਿਕ ਸਿਹਤ ਸਿੱਖਿਆ ਬਾਰੇ।

ਹਵਾਲਾ-: Department of School Education & Literacy, Ministry of Education, Government of India ਵੱਲੋ ਪ੍ਰਾਪਤ ਪੱਤਰ D.O.No.F.10-12/2020-Sch.4-Part(1) Dated 05-05-2023 ਦੇ ਸਬੰਧ ਵਿੱਚ।

1.0 ਉਕਤ ਵਿਸ਼ੇ ਦੇ ਸੰਬੰਧ ਵਿੱਚ ਦੱਸਿਆ ਜਾਂਦਾ ਹੈ ਕਿ Manodarpan ਸਿੱਖਿਆ ਮੰਤਰਾਲੇ, ਭਾਰਤ ਸਰਕਾਰ ਦੀ ਇੱਕ ਪਹਿਲਕਦਮੀ ਹੈ,ਜਿਸਦਾ ਉਦੇਸ਼ ਕੋਵਿਡ-19 ਦੌਰਾਨ ਵਿਦਿਆਰਥੀਆਂ, ਹਰੇਕ ਵਿਅਕਤੀ ਅਤੇ ਪਰਿਵਾਰਾਂ ਨੂੰ ਮਾਨਸਿਕ ਸਿਹਤ ਅਤੇ ਭਾਵਨਾਤਮਕ ਤੰਦਰੁਸਤੀ ਲਈ psychosocial ਸਹਾਇਤਾ ਪ੍ਰਦਾਨ ਕਰਨਾ ਹੈ।

2.0 Manodarpan ਸਾਲ 2020 ਤੋਂ ਲੈ ਕੇ ਦੇਸ਼ ਭਰ ਵਿੱਚ ਵਿਦਿਆਰਥੀਆਂ ਦੀ ਮਾਨਸਿਕ ਸਿਹਤ ਅਤੇ ਭਾਵਨਾਤਮਕ ਤੰਦਰੁਸਤੀ ਲਈ ਵਿਦਿਆਰਥੀਆਂ, ਮਾਪਿਆਂ ਅਤੇ ਪਰਿਵਾਰਾਂ ਤੱਕ ਨੈਸ਼ਨਲ ਟੋਲ-ਫ੍ਰੀ ਟੈਲੀ-ਕਾਉਂਸਲਿੰਗ ਹੈਲਪਲਾਈਨ ਨੰਬਰ (8448440632) ਰਾਹੀਂ ਪਹੁੰਚ ਕਰਕੇ ਮਾਨਸਿਕ ਸਿਹਤ ਬਾਰੇ ਸਲਾਹ ਅਤੇ ਸਹਾਇਤਾ ਪ੍ਰਦਾਨ ਕਰ ਰਿਹਾ ਹੈ।

3.0 ਭਾਰਤ ਸਰਕਾਰ ਵੱਲੋਂ Manodarpan ਰਾਹੀਂ ਵਿਦਿਆਰਥੀਆਂ, ਅਧਿਆਪਕਾਂ, ਮਾਪਿਆਂ ਅਤੇ ਪਰਿਵਾਰਾਂ ਤੱਕ ਵੱਖ-ਵੱਖ ਮਾਨਸਿਕ ਸਮੱਸਿਆਵਾਂ ਨੂੰ ਸੰਬੋਧਨ ਕਰਨ ਲਈ ਵੱਖ-ਵੱਖ ਲਾਈਵ ਵੈਬੀਨਾਰ/ਸੈਮੀਨਾਰ ਜਿਵੇ ਕਿ 'Sahyog' live sessions, 'Samvedna' sessions 'Paricharcha' webinars ਕਰਵਾਏ ਜਾ ਰਹੇ ਹਨ।

4.0 ਸਾਰੇ ਵੈਬੀਨਾਰ/ਸੈਮੀਨਾਰ ਸੰਬੰਧੀ ਜਾਣਕਾਰੀ Manodarpan ਦੇ webpage ਅਤੇ YouTube channel ਤੇ ਉਪਲੱਬਧ ਹਨ।

ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ) ਬਠਿੰਡਾ
ਪਿੱਠ ਅੰਕਣ ਨੰ- ਸ-6/2023/592 ਮਿਤੀ 16-6-2023

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਸਮੂਹ ਸਕੂਲ ਮੁਖੀਆਂ ਨੂੰ ਲਿਖ ਕੇ ਭੇਜਿਆ ਜਾਂਦਾ ਹੈ ਕਿ ਉਕਤ ਪੱਤਰ ਦੀ ਇੰਨ ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

19/6/23
ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ)
ਬਠਿੰਡਾ
19/6/23

Scanned with OKEN Scanner
Scanned with OKEN Scanner

5.0 Manodarpan ਨੇ ਸਕੂਲ ਸਿੱਖਿਆ ਪ੍ਰਣਾਲੀ ਦੇ ਸਾਰੇ ਹਿੱਸੇਦਾਰਾਂ ਵਿੱਚ ਮਾਨਸਿਕ ਸਿਹਤ ਬਾਰੇ ਜਾਗਰੂਕਤਾ ਪੈਦਾ ਕਰਨ ਦੇ ਉਦੇਸ਼ ਨਾਲ ਕੁਝ Flyers and Calendar ਵੀ ਤਿਆਰ ਕੀਤੇ ਹਨ ਜੋ ਕਿ ਨਾਲ ਨੱਥੀ ਹਨ।

6.0 ਆਪ ਵੱਲੋਂ ਆਪਣੇ ਅਧੀਨ ਆਉਂਦੇ ਸਕੂਲਾਂ ਦੇ ਵਿਦਿਆਰਥੀਆਂ, ਅਧਿਆਪਕਾਂ, ਸਕੂਲ ਪ੍ਰਬੰਧਕਾਂ, ਮਾਪਿਆਂ ਅਤੇ ਸਕੂਲੀ ਸਿੱਖਿਆ ਦੇ ਹੋਰ ਸਾਰੇ ਹਿੱਸੇਦਾਰਾਂ ਨੂੰ ਵਿਦਿਆਰਥੀਆਂ ਦੀ ਪੜ੍ਹਾਈ ਦੇ ਨਾਲ-ਨਾਲ ਮਾਨਸਿਕ ਸਿਹਤ ਸਿੱਖਿਆ ਦੀ ਮਹੱਤਤਾ ਬਾਰੇ ਜਾਗਰੂਕ ਕੀਤਾ ਜਾਵੇ ਅਤੇ ਇਸ ਸੰਬੰਧੀ Manodarpan ਰਾਹੀਂ ਵੱਖ-ਵੱਖ ਮਾਨਸਿਕ ਸਮੱਸਿਆਵਾਂ ਨੂੰ ਸੰਬੋਧਨ ਕਰਨ ਵਾਲੇ ਵੱਖ-ਵੱਖ ਲਾਈਵ ਵੈਬੀਨਾਰਾਂ/ਸੈਮੀਨਾਰਾਂ ਬਾਰੇ ਜਾਣਕਾਰੀ ਦਿੱਤੀ ਜਾਵੇ।

ਡਾਇਰੈਕਟਰ

ਐਸ.ਟੀ.ਆਰ.ਈ.ਸੀ.ਪੰਜਾਬ।

ਪਿੱਠ ਅੰਕਣ ਨੰ.: ਉਕਤ/02-05 ਮਿਤੀ:- ਐਸ.ਏ.ਐਸ. ਨਗਰ, 14-06-2023

ਉਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ:-

1. ਪੀ.ਏ.ਟੂ ਵਧੀਕ ਮੁੱਖ ਸਕੱਤਰ, ਸਕੂਲ ਸਿੱਖਿਆ, ਪੰਜਾਬ।
2. ਪੀ.ਏ.ਟੂ ਸਪੈਸ਼ਲ ਸਕੱਤਰ, ਸਕੂਲ ਸਿੱਖਿਆ, ਪੰਜਾਬ।
3. ਪੀ.ਏ.ਟੂ ਡਾਇਰੈਕਟਰ ਜਨਰਲ ਸਕੂਲ ਸਿੱਖਿਆ,ਪੰਜਾਬ।
4. ਪੀ.ਏ. ਟੂ ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਸਿੱ/ਐਸਿੱ),ਪੰਜਾਬ।

ਸਹਾਇਕ ਡਾਇਰੈਕਟਰ

ਐਸ.ਸੀ.ਈ.ਆਰ.ਟੀ. ਪੰਜਾਬ।

Scanned with OKEN Scanner